ਹੁਕਮੁ
ਭਾਗ – 9

ਮਮਤਾ ਦੇ ਇਲਾਹੀ ਪਿਆਰ ਦੀ 'ਖੁਸ਼ਬੋ' ਗੂੜ੍ਹ-ਗਿਆਨੀਆਂ ਨੂੰ ਨਹੀਂ ਆ ਸਕਦੀ। ਉਨ੍ਹਾਂ ਦੇ ਦਿਮਾਗਾਂ ਵਿਚ ਗਿਆਨ ਦੀ ਸਿਆਣਪ ਭਰੀ ਹੋਈ ਹੈ। 'ਅਨੁਭਵ' ਦੀ ਥਾਂ, ਉਹ ਇਸ ਨੂੰ ਘੋਖਣ ਤੇ ਪਰਖਣ ਲਗ ਜਾਂਦੇ ਹਨ, ਪਰ ਏਥੇ, ਕਿਉਂ? ਕਿਆ ? ਕੈਸੇ ? ਲਈ ਕੋਈ ਥਾਂ ਨਹੀਂ, ਕਿਉਂਕਿ 'ਪਿਆਰ' ਕੋਈ 'ਵਿਚਾਰ-ਧਾਰਾ' ਜਾਂ 'ਦਾਰਸ਼ਨਿਕ ਸਿਧਾਂਤ' ਨਹੀਂ। ਇਹ ਤਾਂ ਅੰਦਰੋਂ ਹੀ ਉਪਜਦਾ ਹੈ। ਅੰਦਰੋਂ ਹੀ ਵਿਗਸ ਕੇ, ਖਿੜ ਕੇ, ਬਾਹਰਲੇ ਰੂਪ ਨੂੰ 'ਸੁਗੰਧਿਤ' ਕਰਦਾ ਹੈ। ਮਿਕਨਾਤੀਸ ਵਾਂਗੂ, ਹਰ ਕੋਮਲ ਚੀਜ਼ ਨੂੰ ਆਪਣੇ ਵਲ ਖਿਚਦਾ ਰਹਿੰਦਾ ਹੈ। ਜਦੋਂ ਸਾਡੇ ਮਨ ਵਿਚ ਕਾਰਣ ਜਾਂ ਕਿਉਂ ਦੀ ਘੁੰਡੀ ਪੈਂਦੀ ਹੈ, 'ਪਿਆਰ' ਪ੍ਰਸ਼ਨ ਚਿੰਨ੍ਹ (?) ਬਣਦਾ ਹੈ, ਤਾਂ ਸਾਰਾ ਜੀਵਨ 'ਸਿਫ਼ਰ', ਖਿੰਡ-ਪੁੰਡ ਕੇ, ਫੋਕਾ, ਫਿੱਕਾ ਤੇ ਸੁੰਨਾ ਹੋ ਜਾਂਦਾ ਹੈ। ਪਿਆਰ ਤੋਂ ਖਾਲੀ ਜੀਵਨ 'ਕੋਰਾ', 'ਸੱਖਣਾ', 'ਹਨੇਰਾ', ਤੇ 'ਮੁਰਦਾ' ਹੋ ਕੇ ਰਹਿ ਜਾਂਦਾ ਹੈ।

ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ॥ (ਪੰਨਾ-1379)

ਅਕਾਲ ਪੁਰਖ ਦੇ ਭਾਣੇ ਵਿਚ ਰਹਿ ਕੇ ਜੀਵਨ ਵਿਚ ਪ੍ਰਕਾਸ਼, ਰਸ, ਸੰਗੀਤ, ਸੰਪੂਰਣਤਾ ਅਤੇ 'ਸੱਚ' ਦਾ ਆਨੰਦ ਆਉਂਦਾ ਹੈ। ਉਹਦੇ ਨਾਲ ਇਕ-ਮਿਕ ਹੋ ਕੇ, ਇਕ 'ਸੁੱਰ' ਹੋ ਕੇ, ਸਾਡਾ ਜੀਵਨ ਪਵਿੱਤਰ, ਸੂਖਮ ਤੇ ਸ਼ਾਂਤ ਹੋ ਕੇ, ਵਲਵਲਿਆਂ ਦੇ ਦੇਸ਼ ਵਿਚ ਉਡਾਰੀਆਂ ਮਾਰਨ ਲਗ ਪੈਂਦਾ ਹੈ। ਦੂਜੇ ਪਾਸੇ ਬੁੱਧੀ ਮੰਡਲ ਦੀ ਕੈਦ ਹੈ, ਜਿਥੇ ਨਿਰਜੀਵ, ਨਿਰਬਲ ਤੇ ਮੁਰਦਾ ਜੀਵਨ ਹੈ। ਦੁਖਾਂ ਭਰਿਆ ਘੋਰ ਨਰਕ ਹੈ .... 'ਮੈਂ' ..... 'ਮੈਂ' .... ਦੇ ਜ਼ਹਿਰੀਲੇ ਫਰਾਟੇ ਮਾਰਦਾ, ਕੋਲੇ ਵਾਂਗ ਕਾਲਾ ਸੰਸਾਰ ਹੈ, ਜੋ ਬ੍ਰਹਿਮੰਡ ਨੂੰ ਕਲੰਕਿਤ ਕਰਦਾ ਹੈ।

ਇਕ ਪਿਆਰ ਵਿਚ ਖਿੜੇ ਹੋਏ ਫੁੱਲਾਂ ਵਾਂਗ, ਟਹਿਕਦੀਆਂ ਰੂਹਾਂ ਦਾ ਦੇਸ਼ ਤੇ ਦੂਜਾ, ਕੋਲੇ ਵਾਂਗ 'ਕਾਲਾ ਸਿਆਹ'। ਈਰਖਾ ...... ਦਵੈਤ ਤੇ ਹਉਮੈ ਦੀ ਅੱਗ ਵਿਚ ਬਲਦੇ ਜੀਵ !

ਪਿਆਰ......ਕ੍ਰੋਧ, ਔਗੁਣ, ਈਰਖਾ ਤੇ ਦਵੈਤ ਖ਼ਤਮ ਕਰ ਦਿੰਦਾ ਹੈ।

ਸੁਤੁ ਅਪਰਾਧ ਕਰਤ ਹੈ ਜੇਤੇ॥ ਜਨਨੀ ਚੀਤਿ ਨ ਰਾਖਸਿ ਤੇਤੇ॥ ......
ਜੇ ਅਤਿ ਕ੍ਰੋਪ ਕਰੇ ਕਰਿ ਧਾਇਆ॥
ਤਾ ਭੀ ਚੀਤਿ ਨ ਰਾਖਸਿ ਮਾਇਆ॥ (ਪੰਨਾ-478)

ਇਹ 'ਪਿਆਰ' ਦਾ ਜੀਵਨ-ਰੂਪ ਅੰਮ੍ਰਿਤ —

1. ਪੀਣਾ ਪੈਂਦਾ ਹੈ।
2. ਜੀਣਾ ਪੈਂਦਾ ਹੈ।
3. ਥੀਣਾ ਪੈਂਦਾ ਹੈ।
4. ਹੰਢਾਉਣਾ ਪੈਂਦਾ ਹੈ।

'ਕਿਉਂ', 'ਕਿਆ' ਤੇ 'ਕੈਸੇ' ਵਾਲਿਆਂ ਨੂੰ ਇਹ ਅਨਮੋਲ ਰਤਨ ਪ੍ਰਾਪਤ ਨਹੀਂ ਹੋ ਸਕਦਾ। ਪਰ ਉਹਦੀ ਨਦਰ ਨਾਲ, ਇਹ ਸਹਿਜ ਸੁਭਾਇ ਮਨ ਵਿਚ ਅਚਿੰਤੇ ਹੀ ਆ ਟਿਕਦਾ ਹੈ। ਜਿਹੜੇ ਇਸ ਨੂੰ ਪਰਖਣ ਲਈ ਆਪੋ ਆਪਣੀਆਂ ਕਸੌਟੀਆਂ ਲਈ ਫਿਰਦੇ ਹਨ, ਉਹ ਸਦਾ ਭੁਲੇਖੇ, ਭਰਮਾਂ ਵਿਚ ਡੁਬੇ ਰਹਿਣਗੇ। ਇਹ 'ਰੱਬੀ ਦਾਤ', ਉਹਦਾ 'ਹੁਕਮ' ਮੰਨਣ ਵਾਲਿਆਂ ਦੀ ਝੋਲੀ ਵਿਚ ਪੈਂਦੀ ਰਹੇਗੀ। ਜੇਕਰ ਅਕਾਲ ਪੁਰਖ, ਪ੍ਰੀਤਮ ਦਾ ਬਿਆਨ, ਪ੍ਰਗਟਾਵਾ ਇਕੋ ਸ਼ਬਦ ਨਾਲ ਕਰਨਾ ਹੋਵੇ ਤਾਂ ਰੱਬ ਦਾ ਪ੍ਰਤੱਖ ਰੂਪ ਹੈ .... 'ਪਿਆਰ'।

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥
(ਸ੍ਵਯੈ ਪਾ: 10)

ਮਨ ਰੇ ਕਿਉ ਛੂਟਹਿ ਬਿਨੁ ਪਿਆਰ॥ (ਪੰਨਾ-60)

ਪਿਆਰ ਦੀ 'ਅੱਗ', ਇਹ 'ਚਿਣਗ', ਕਿਥੋਂ ਮਿਲੇ ? ਪੁਰਾਣੇ ਜ਼ਮਾਨੇ ਵਿਚ ਪਿੰਡ ਦੀ ਸਿਆਣੀ 'ਬੋਬੀ' ਆਪਣੇ ਚੁਲ੍ਹੇ ਵਿਚ 'ਅੱਗ' ਕਦੇ ਨਹੀਂ ਸੀ ਬੁਝਣ ਦਿੰਦੀ। ਉਹ 'ਹਾਰੇ' ਵਿਚ ਪਾਥੀ ਦੱਬ ਦਿੰਦੀ, ਜੋ ਸਾਰੀ ਰਾਤ ਮੱਘਦੀ ਰਹਿੰਦੀ। ਜਿਸ ਨੂੰ 'ਅੱਗ' ਚਾਹੀਦੀ ਹੁੰਦੀ, ਉਹ ਬੋਬੀ ਦਾ ਬੂਹਾ ਜਾ ਖੜਕਾਉਂਦੀ, ਤੇ ਉਸ ਪਾਥੀ ਵਿਚੋਂ ਭੋਰਾ ਚੰਗਿਆੜੀ ਚੱਪਣ ਵਿਚ ਪੁਆ ਕੇ ਆਪਣਾ ਚੁੱਲ੍ਹਾ ਬਾਲ ਲੈਂਦੀ। ਫੇਰ ਸਾਰੇ ਪਿੰਡ ਦੇ ਚੁੱਲ੍ਹੇ ਬਲ ਪੈਂਦੇ। ਜਿਹੜੇ, ਇਸ ਅੱਗ ਦੀ 'ਤਲਬ' ਹੀ ਨਹੀਂ ਕਰਦੇ, ਉਨ੍ਹਾਂ ਦੇ ਚੁੱਲ੍ਹੇ ਬੁਝੇ ਹੀ ਰਹਿੰਦੇ। ਇਕ ਪਾਸੇ 'ਰੌਸ਼ਨੀ', ਦੂਜੇ ਪਾਸੇ 'ਹਨੇਰਾ' ਦੋਨੋਂ ਚੀਜ਼ਾਂ ਮੁਤਜ਼ਾਤ, ਸਵੈ-ਵਿਰੋਧੀ ਹਨ।

ਜਿਥੇ ਪਿਆਰ ਹੈ, ਉਥੇ ਨਫ਼ਰਤ ਨਹੀਂ।

ਜਿਥੇ ਨਫ਼ਰਤ ਹੈ, ਉਥੇ ਪਿਆਰ ਨਹੀਂ ਉਪਜਦਾ।

ਇਹ 'ਪਿਆਰ-ਚਿੰਣਗ' ਵਾਸਤੇ 'ਬੋਬੀ' ਦੇ ਘਰ, ਜਿਸ ਨੇ ਸਰੀਰ ਦੀਆਂ ਪਾਥੀਆਂ ਵਿਚ, 'ਪਿਆਰ-ਦੀ ਅੱਗ' ਸਾਂਭ ਕੇ ਰੱਖੀ ਹੋਈ ਹੈ, ਜਾਵੇ ਤੇ, ਇਲਾਹੀ ਪਿਆਰ-ਅੱਗ ਦੀ ਇਕ ਚੰਗਿਆੜੀ ਲੈ ਆਵੇ ਤੇ ਆਪਣੀ 'ਰੂਹ' ਨੂੰ 'ਪਿਆਰ' ਦੇ ਸੰਗੀਤ ਨਾਲ ਰੁਸ਼ਨਾ ਲਵੇ। ਇਹ 'ਅਨਹਦ-ਧੁਨੀ' ਸਾਰੇ ਬ੍ਰਹਿਮੰਡ ਵਿਚ ਵਜਦੀ ਰਹਿੰਦੀ ਹੈ। ਪਰ ਇਹ ਉਸੇ ਨੂੰ ਸੁਣੇਗੀ, ਜਿਸ ਦੇ ਅੰਦਰ 'ਪਿਆਰ-ਅੱਗ' ਦੀ ਸਿਕ ਹੋਵੇ। ਫੇਰ ਇਹ 'ਇਲਾਹੀ ਪਿਆਰ-ਅੱਗ' ਆਪੇ ਹੀ ਫੈਲ ਜਾਵੇਗੀ, ਜਿਵੇਂ ਫੁੱਲਾਂ ਦੀ ਖ਼ੁਸ਼ਬੋ ਫੈਲਦੀ ਹੈ।

ਜਿਵੇਂ ਇਕ ਮੱਘੀ ਹੋਈ ਚੰਗਿਆੜੀ ਨਾਲ ਅੰਗੀਠੀ ਦੇ ਸਾਰੇ ਕੋਲੇ ਹੌਲੀ ਹੌਲੀ 'ਮੱਘ' ਜਾਂਦੇ ਹਨ।

ਛੋਟੀ ਜਿਹੀ ਉਸ 'ਚੰਗਿਆੜੀ' ਨੇ ਆਪਾ ਮਿਟਾ ਕੇ ਅੱਗ ਦਾ ਭਾਂਬੜ ਬਾਲ ਦਿਤਾ। ਪਰ ਉਹ 'ਚੰਗਿਆੜੀ' ਹੈ ਕਿਥੇ ? ਮਿਲੇ ਕਿਥੋਂ ? 'ਬੋਬੀ' ਦੇ ਹਾਰੇ ਵਿਚੋਂ। ਬੁਝੇ ਹੋਏ ਕੋਲਿਆਂ ਦੀ ਕੀ ਹੈਸੀਅਤ ਹੈ ? ਸਾਰੀ ਧਰਤੀ ਭਰੀ ਪਈ ਹੈ ਕਾਲੇ ਕੋਲਿਆਂ ਨਾਲ। ਉਨ੍ਹਾਂ ਕੋਲ ਦੀ ਲੰਘੋ, ਹੱਥ ਲਾਵੋ, ਮੂੰਹ ਸਿਰ ਕਾਲਾ ਹੋ ਜਾਂਦਾ ਹੈ। ਉਨ੍ਹਾਂ ਮਣਾਂ-ਮੂੰਹੀ ਕੋਲਿਆਂ ਵਿਚ ਇਕ ਨਿੱਕੀ ਜੇਹੀ 'ਮੱਘਦੀ ਚੰਗਿਆੜੀ' ਰੱਖ ਦਿਓ, ਉਹ ਕਾਲੇ ਕੋਲੇ, ਲਾਲੋ-ਲਾਲ ਅੱਗ ਦੇ ਸ਼ੋਅਲੇ ਬਣ ਜਾਣਗੇ। ਲਾਟਾਂ ਬਲ ਪੈਣਗੀਆਂ। ਚਾਰੇ ਪਾਸੇ ਰੌਸ਼ਨੀ ਫੈਲਾ ਕੇ, ਲਾਟਾਂ ਅਰਪਨ ਕਰਕੇ ਸਾਡੀ ਸੇਵਾ ਕਰਦੇ ਹਨ। ਅਸੀਂ ਬੁਝੇ ਹੋਏ ਕੋਲੇ ਹਾਂ। ਹੰਕਾਰ, ਆਕੜ, ਲੋਭ ਅਤੇ ਮਾਇਆ ਦੀਆਂ ਲੱਕੜਾਂ ਤੋਂ ਬਲ ਕੇ ਬਣੇ ਹੋਏ ਕਾਲੇ ਕੋਲੇ। 'ਮੈਂ ਤੇ ਮੇਰੀ' ਦੀਆਂ ਮੁੱਢੀਆਂ ਦੇ ਕੋਲੇ। ਲਾਲਸਾ ਦੇ ਭਰੇ ਹੋਏ। ਕਾਰਾਂ, ਕੋਠੀਆਂ, ਸੋਨਾ, ਐਸ਼ੋ-ਇਸ਼ਰਤ ਅਰਾਮ ਵਿਚ, ਡੁੱਬੇ, ਕਾਲੇ ਸਿਆਹ ਕੋਲੇ।

ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ।। (ਪੰਨਾ-1371)

ਜਿਉ ਕਾਜਰ ਭਰਿ ਮੰਦਰੁ ਰਾਖਿਓ ਜੋ ਪੈਸੈ ਕਾਲੂਖੀ ਰੇ।। (ਪੰਨਾ-535)

ਬੰਦੇ ਦਾ ਸਰੀਰ ਗੰਦਾ, ਗੰਦਗੀ ਉਤੇ ਫਖ਼ਰ ਕਾਹਦਾ ? ਇਸ ਗੰਦ ਦੇ ਢੇਰ ਨੂੰ ਕਿਉਂ ਸ਼ਿੰਗਾਰੀਏ ? ਰੋਜ਼ ਨਹਾ ਧੋ ਕੇ ਦੇਹੀ ਨੂੰ ਕੀਮਤੀ ਕਪੜਿਆਂ ਨਾਲ ਸਜਾਉਂਦੇ ਹਾਂ, ਪਰ ਉਹ ਕਪੜੇ ਸਰੀਰ ਦੇ ਨਾਲ ਲਗਦੇ ਹੀ ਮੈਲੇ ਹੋ ਜਾਂਦੇ ਹਨ ਤੇ ਫੇਰ ਅਸੀਂ ਉਨ੍ਹਾਂ ਨੂੰ ਧੋਤੇ ਬਿਨਾਂ ਦੁਬਾਰਾ ਨਹੀਂ ਪਾ ਸਕਦੇ। ਸਾਡਾ ਅੰਦਰ ਤਾਂ ਬਾਹਰ ਨਾਲੋਂ ਵੀ ਗੰਦਾ ਹੈ। ਕਿਵੇਂ ? ਅਸੀਂ ਅਨਮੋਲ ਪਦਾਰਥ ਖਾਂਦੇ ਹਾਂ। ਦੁੱਧ ਵਰਗਾ ਰਤਨ ਢਿੱਡ ਵਿਚ ਪਾਉਂਦੇ ਹਾਂ, ਇਹ ਪਦਾਰਥ ਸਾਡੇ ਅੰਦਰ ਜਾਂਦੇ ਹੀ ਸੜ ਜਾਂਦੇ ਹਨ ਤੇ ਅਸੀਂ ਦੁਰਗੰਧ ਛੱਡਦੇ ਹਾਂ। ਪਾਣੀ ਵਰਗਾ ਨਿਰਮਲ ਪਦਾਰਥ ਵੀ, ਦੇਹੀ ਅੰਦਰ ਦੀ ਸੜਿਹਾਂਦ ਨੂੰ ਮਿਟਾ ਨਹੀਂ

ਸਕਦਾ। ਜਦੋਂ ਕਿ ਏਹੀ ਪਾਣੀ ਬਾਹਰ ਦੀ ਹਰ ਮੈਲ ਧੋ ਦਿੰਦਾ ਹੈ ਤੇ ਬਦਬੋ ਮਿਟਾ ਦਿੰਦਾ ਹੈ। ਪਰ ਬੰਦੇ ਅੰਦਰ ਜਾ ਕੇ ਇਹ ਨਿਰਮਲ ਜਲ ਵੀ ਦੁਰਗੰਧਿਤ ਹੋ ਜਾਂਦਾ ਹੈ।

ਮਨ ਦੀ ਹਾਲਤ ਸਰੀਰ ਤੋਂ ਵੀ ਭੈੜੀ ਹੈ। ਇਹ ਖਿੰਡਿਆ ਪਿਆ ਹੈ। ਚਾਰੋਂ ਪਹਿਰ ਕੁਲਝਦਾ, ਸੜਦਾ, ਖਪਦਾ ਅਤੇ ਤਪਦਾ ਰਹਿੰਦਾ ਹੈ। ਨਫ਼ਰਤ ਤੇ ਈਰਖਾ ਦੀਆਂ ਭਾਫਾਂ ਛੱਡਦਾ ਹੈ। ਇਨ੍ਹਾਂ ਭਾਫਾਂ ਵਿਚ ਐਨੀ ਤਪਸ਼ ਹੈ, ਜਿਹੜੀ ਕੋਹਾਂ ਦੂਰ ਬੈਠੇ ਬੰਦੇ ਨੂੰ ਝੁਲਸਣ ਦੀ ਸ਼ਕਤੀ ਰਖਦੀ ਹੈ, ਤੇ ਬੰਦੇ ਨੂੰ 'ਸਣਕਪੜੀਂ' ਅੱਗ ਲਾ ਕੇ ਰਾਖ਼ ਬਣਾ ਦਿੰਦੀ ਹੈ। ਸਾਧ ਸੰਗਤ ਵਿਚ ਬੈਠੀ ਇਕ ਮਾਈ ਨੇ ਮੈਨੂੰ ਦਸਿਆ ਕਿ, ਜਦੋਂ ਤੁਸੀਂ ਸੁਤੇ ਸਿਧ 'ਫਲਾਣੀ' ਦਾ ਨਾਂ ਲਿਆ ਤਾਂ ਮੈਨੂੰ 'ਸਣ ਕਪੜੀਂ ਅੱਗ' ਲੱਗ ਗਈ। ਮੇਰੇ ਅੰਦਰ ਨਫ਼ਰਤ ਦੀਆਂ ਲਾਟਾਂ ਮੱਚ ਉਠੀਆਂ। ਮੈਂ ਜਲ ਕੇ ਕੋਲਾ ਹੋ ਗਈ। ਨਫ਼ਰਤ ਦੀ ਏਸ 'ਅੱਗ' ਵਿਚ ਐਨੀ ਤਪਸ਼ ਹੈ ਕਿ ਦੂਰ ਬੈਠੇ ਬੰਦੇ ਨੂੰ ਪਲਾਂ ਵਿਚ ਭੁੰਨ ਕੇ, ਇਹ ਨਫ਼ਰਤ ਦੀਆਂ ਕਿਰਨਾਂ, ਮੁੜਕੇ ਸਾਨੂੰ ਵੀ ਭਸਮ ਕਰ ਦਿੰਦੀਆਂ ਹਨ।

ਜੀਉ ਤਪਤੁ ਹੈ ਬਾਰੋ ਬਾਰ॥
ਤਪਿ ਤਪਿ ਖਪੈ ਬਹੁਤੁ ਬੇਕਾਰ॥ (ਪੰਨਾ-661)

ਚੌਰਾਸੀ ਲੱਖ ਜੂਨੀਆਂ ਵਿਚੋਂ ਵਿਧਾਤਾ ਨੇ ਸਭ ਤੋਂ ਉਤਮ ਜੂਨ, ਬੰਦੇ ਨੂੰ ਪ੍ਰਦਾਨ ਕੀਤੀ ਹੈ। ਪਿਆਰ ਨਾਲ ਸਿਰਜਿਆ ਹੋਇਆ, 'ਆਪਣੇ ਰੂਪ' ਵਿਚ.....ਪਰ ਅਸੀਂ ਆਪਣੇ ਕੁਕਰਮਾਂ ਨਾਲ ਉਸ ਨੂੰ 'ਕਰੂਪ' ਬਣਾ ਲਿਆ। ਰੱਬ ਨੇ ਸਾਨੂੰ ਕੰਨ ਦਿਤੇ ਅਸੀਂ ਪੜਵਾ ਲਏ। ਸਾਨੂੰ ਕੁਦਰਤੀ ਸ਼ਿੰਗਾਰ ਬਖਸ਼ਿਆ, ਸਰੀਰ ਨੂੰ ਰੋਮ ਦਿਤੇ, ਅਸੀਂ ਨਸ਼ਟ ਕਰ ਦਿਤੇ। ਜਿਹਨੇ ਸਾਨੂੰ ਏਨੇ ਸੋਹਣੇ ਸਰੂਪ ਵਿਚ ਸਾਜਿਆ ਅਤੇ 'ਅਸ਼ਰਫੁਲ ਮਖਲੂਕਾਤ' ਬਣਾਇਆ, ਅਸੀਂ ਉਸਨੂੰ ਮਨੋ ਵਿਸਾਰ ਦਿੱਤਾ। ਉਸਦੀ ਬਖਸ਼ਿਸ਼ ਦੀ ਨਿਰਾਦਰੀ ਕੀਤੀ ਤੇ ਖੁਦ, ਜਮਾਂ ਦੇ ਵੱਸ ਪੈ ਕੇ ਆਪਣਾ ਜੀਵਨ ਨਰਕ ਬਣਾ ਲਿਆ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥ (ਪੰਨਾ-133)

ਅਕਾਲ ਪੁਰਖ ਨੇ ਸਾਨੂੰ ਇਸ ਕਾਇਨਾਤ ਦਾ ਸਿਰਤਾਜ ਬਣਾ ਕੇ ਧਰਤੀ ਤੇ ਭੇਜਿਆ 'ਪਿਆਰ' ਦੀ ਲੋਰ ਵਿਚ ਆ ਕੇ ਉਹਨੇ ਸਾਨੂੰ 'ਪੁੱਤਰ' ਬਣਾਇਆ। ਸਮੁੱਚੀ ਸ੍ਰਿਸ਼ਟੀ ਅੰਦਰ, ਉਹਨੇ ਜੋ ਵੀ ਸੁਜਿੰਦ ਤੇ ਨਿਰਜਿੰਦ ਘੜਿਆ ਹੈ, ਉਹ ਅਛੋਪ ਹੀ, ਆਪਣੇ ਕਰਤਾ ਦੇ 'ਹੁਕਮ' ਅੰਦਰ ਤੁਰੀ ਜਾ ਰਿਹਾ ਹੈ। ਸਿਰਫ਼ ਇਹ ਹੱਡ-ਮਾਸ ਦਾ ਪੁਤਲਾ, 'ਬੰਦਾ' ਉਹਦੀ ਹੁਕਮ-ਅਦੂਲੀ ਕਰਕੇ ਦੁੱਖ ਭੋਗ ਰਿਹਾ ਹੈ। 'ਮੈਂ-ਮੇਰੀ' ਦੇ ਨਸ਼ੇ ਵਿਚ ਉਹਦਾ 'ਸਾਨੀ' ਬਣ ਬੈਠਿਆ ਹੈ। ਇਸ ਅਕ੍ਰਿਤਘਣ, ਨਾ-ਸ਼ੁਕਰੇ, ਘੁਮੰਡੀ, ਕਰਤੂਤੀ, ਮਨਮਤੀਏ, ਮਨੁੱਖ ਨੇ ਉਹਦੀ ਕੀਮਤ ਨਹੀਂ ਪਾਈ, ਉਹਦਾ ਗੁਣ ਨਹੀਂ ਜਾਣਿਆ। ਉਹਦੇ ਕਲਿਆਣਕਾਰੀ ਹੁਕਮ ਦੀ ਰਜ਼ਾ ਵਿਚੋਂ ਨਿਕਲ ਕੇ ਆਪਹੁੱਦਰਾ ਹੋ ਕੇ 'ਆਪਣੀ

ਮਰਜ਼ੀ' ਕਰਦਾ ਫਿਰਦਾ ਹੈ।

ਸਾਡੇ ਤੋਂ ਤਾਂ ਘਾਹ-ਫੂਸ ਕਿਤੇ ਚੰਗਾ ਹੈ। ਕਿਸੇ ਲੇਖੇ ਤਾਂ ਲਗਦਾ ਹੈ। ਉਹ ਪਸ਼ੂਆਂ ਦਾ ਢਿੱਡ ਪਾਲ ਕੇ ਉਨ੍ਹਾਂ ਦੀ ਸੇਵਾ ਕਰਦਾ ਹੈ। ਜਦੋਂ ਸੁਕ ਜਾਂਦਾ ਹੈ ਬਾਲਣ ਬਣ ਕੇ ਸਾਡੀ ਸੇਵਾ ਵਿਚ ਹਾਜ਼ਰ ਹੋ ਕੇ, ਮਾਲਕ ਦੇ ਹੁਕਮ ਨੂੰ ਮੰਨਦਾ ਹੈ। ਏਥੋਂ ਤੀਕ ਦਰੱਖ਼ਤ, ਪੱਤੇ, ਟਹਿਣੀਆਂ ਸਾਡੇ ਤੇ ਪਰਉਪਕਾਰ ਕਰਦੇ ਹਨ, ਸਾਨੂੰ ਨਿਵਾਜਦੇ ਹਨ, ਤੇ ਹਵਾ ਨਾਲ ਝੂਮ-ਝੂਮ ਕੇ, ਉਸ ਮਾਲਕ ਦਾ, ਸ਼ੁਕਰ, ਸ਼ੁਕਰ, ਕਰਦੇ ਹਨ। ਪਰ ਅਸੀਂ ਅਕ੍ਰਿਤਘਣ ਹੋ ਕੇ, ਇਨ੍ਹਾਂ ਦੀ ਕਦਰ ਨਹੀਂ ਕਰਦੇ ਅਤੇ ਸ਼ੁਕਰਾਨੇ ਵਿਚ ਨਹੀਂ ਆਉਂਦੇ।

ਬੇਰੀ....ਸਾਨੂੰ ਮਿੱਠੇ-ਮਿੱਠੇ ਬੇਰ ਦਿੰਦੀ ਹੈ। ਉਹਦੀ ਘਣੀ ਛਾਂ ਜੇਠ-ਹਾੜ੍ਹ ਦੀ ਤਪਦੀ ਲੂ ਵਿਚ ਸਾਨੂੰ ਠੰਢ ਦਿੰਦੀ ਹੈ। ਜੇ ਸਾਨੂੰ ਭੁੱਖ ਲਗੀ ਹੋਵੇ ਤਾਂ ਅਸੀਂ ਬੇਰੀ ਨੂੰ ਪੱਥਰ ਮਾਰਦੇ ਹਾਂ। ਉਹਦੇ ਬਦਲੇ ਉਹ ਸਾਨੂੰ ਬੇਰਾਂ ਦਾ ਮਿੱਠਾ ਫਲ ਦਿੰਦੀ ਹੈ। ਉਹਦੇ ਪੱਤੇ ਛਾਂਗ ਕੇ ਬੱਕਰੀਆਂ ਨੂੰ ਪਾਉਂਦੇ ਹਾਂ ਤੇ ਉਹਦੇ ਕੰਢਿਆਂ ਦੀ ਵਾੜ ਕਰਦੇ ਹਾਂ। ਉਹਦੀ ਲਕੜੀ ਨੂੰ ਚੀਰ-ਫਾੜ ਕੇ ਦਰਵਾਜ਼ੇ ਖਿੜਕੀਆਂ ਬਣਾਉਂਦੇ ਹਾਂ। ਉਹਦੀਆਂ ਖੜਪਾੜਾਂ ਦਾ ਬਾਲਣ ਬਣਾ ਕੇ ਅੰਨ-ਪਾਣੀ ਤਿਆਰ ਕਰਦੇ ਹਾਂ। ਉਹਦੇ ਕੋਲਿਆਂ ਨੂੰ ਵੀ ਨਹੀਂ ਬਖਸ਼ਦੇ ਦੁਬਾਰਾ ਮੱਘਾ ਕੇ ਉਨ੍ਹਾਂ ਦੀ ਰਾਖ ਬਣਾ ਦਿੰਦੇ ਹਾਂ, ਜੋ ਹਵਾ ਦੇ ਤੇਜ਼ ਬੁਲਿਆਂ ਨਾਲ ਉਡ ਜਾਂਦੀ ਹੈ ਤੇ ਅਨੰਤ ਵਿਚ ਮਿਲ ਜਾਂਦੀ ਹੈ। ਇਸ ਤਰ੍ਹਾਂ ਨਾ-ਸ਼ੁਕਰੇ ਬੰਦੇ ਲਈ ਬੇਰੀ ਆਪਣੀ ਹੋਂਦ, ਬਿਨਾਂ ਕਿਸੇ ਸ਼ਿਕਵੇ ਸ਼ਿਕਾਇਤ ਤੋਂ ਕੁਰਬਾਨ ਕਰ ਦਿੰਦੀ ਹੈ। 'ਆਪਾ-ਵਾਰਨ' ਵਿਚ ਹੀ ਉਹ ਸਿਰਜਣਹਾਰ ਦਾ 'ਭਾਣਾ' ਮੰਨਦੀ ਹੈ।

ਉਹ ਅਣਜਾਣੇ ਹੀ ਗੁਰਬਾਣੀ ਦੀ ਹੇਠਲੀ ਤੁਕ ਨੂੰ ਕਮਾਉਂਦੀ ਹੈ —

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥ (ਪੰਨਾ-1381-82)

ਪਰ ਸਾਨੂੰ ਰੱਬ ਦੀ ਇਕ-ਇਕ ਚੀਜ਼ ਤੋਂ ਸ਼ਕਾਇਤ ਹੈ। ਉਹਦੀ ਕਰਮ-ਫ਼ੁਰਮਾਈ ਤੇ ਨਹੋਰਾ ਹੈ। ਇਸ ਕਾਇਨਾਤ ਦੀਆਂ ਬੇਅੰਤ ਅਨਮੋਲ ਚੀਜ਼ਾਂ ਸਾਨੂੰ ਬਖਸ਼ ਦਿਤੀਆਂ। ਅਸੀਂ ਜਿਵੇਂ ਚਾਹੀਏ ਵਰਤੀਏ, ਹੰਢਾਈਏ, ਤੇ ਅਸੀਂ......ਨਾਸ਼ੁਕਰੇ, ਖ਼ੁਦਗਰਜ਼ ਸਿਰਫ਼ ਆਪਣੇ ਲਈ ਸੋਚਦੇ ਹਾਂ। ਹਮੇਸ਼ਾਂ ਮੰਗਦੇ ਹਾਂ, ਦਿੰਦੇ ਕੁਝ ਨਹੀਂ। 'ਮੈਂ-ਤੇ-ਮੇਰੀ' ਨੂੰ ਪਾਲਦੇ ਹਾਂ ਤੇ ਇਸ ਵਾਧੇ ਲਈ, ਕੋਝੇ ਤੋਂ ਕੋਝਾ, ਜ਼ਲੀਲ ਗੁਨਾਹ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਹਉਮੈ ਦੇ ਨਸ਼ੇ ਵਿਚ ਆ ਕੇ ਉਸ ਨੂੰ ਤਾਹਨੇ ਮਾਰਦੇ ਹਾਂ। ਬਰਾਬਰੀ ਕਰਦੇ ਹਾਂ ਤੇ ਜੇ ਵਸ ਚਲੇ ਤਾਂ ਉਸ ਉਤੇ 'ਫਤਹਿ' ਪਾਉਣ ਦੀ ਕੋਸ਼ਿਸ਼ ਕਰਦੇ ਹਾਂ। ਅਕ੍ਰਿਤਘਣ!

ਦਾਤਿ ਪਿਆਰੀ ਵਿਸਰਿਆ ਦਾਤਾਰਾ॥ (ਪੰਨਾ-676)

ਇਸ ਤਰ੍ਹਾਂ ਅਸੀਂ 'ਲੇਪੋਕੇ' ਹਾਂ। ਸਾਡੀ ਫਿਤਰਤ ਗੁਰਬਾਣੀ ਦੇ ਐਨ 'ਉਲਟ' ਹੈ, ਕੀ ?

ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ। (ਵਾ.ਭਾ.ਗੁ. 28/15)

ਪਰ ਅਸੀਂ 'ਦੇ ਕੇ' ਭਲਾ ਨਹੀਂ ਮਨਾਉਂਦੇ, 'ਲੈ ਕੇ' ਭੀ ਭਲਾ ਨਹੀਂ ਲੋਚਦੇ। ਸ਼ੁਕਰ ਨਹੀਂ ਕਰਦੇ। ਸਾਡੀਆਂ ਰੁੱਚੀਆਂ ਵਿਚ 'ਲੈਣ' ਦਾ ਹੀ ਸੁਭਾਉ ਬਣਿਆ ਹੋਇਆ ਹੈ। 'ਦੇਪੋਕੇ' ਦੀ ਬਜਾਇ, 'ਲੇਪੋਕੇ' ਬਣੇ ਹੋਏ ਹਾਂ। ਕੁਦਰਤ ਦੇ ਕਨੂੰਨ ਅਨੁਸਾਰ 'ਦੇ ਕੇ' ਕੁਰਬਾਨੀ ਕਰਕੇ ਹੀ, ਕੁਝ ਪ੍ਰਾਪਤ ਹੋ ਸਕਦਾ ਹੈ।

ਜਦੋਂ ਅਸੀਂ ਆਪਣੇ ਮੰਦੇ ਕਰਮਾਂ ਕਰਕੇ, ਖੁਆਹਿਸ਼ਾਂ ਦੇ ਗੁਲਾਮ ਹੋ ਕੇ, ਕੂੜ ਦੀ ਦਲਦਲ ਵਿਚ ਫਸ ਜਾਂਦੇ ਹਾਂ, ਫੇਰ ਦੁਹਾਈਆਂ ਪਾਉਂਦੇ ਹਾਂ ਅਤੇ ਪਾਠ-ਪੂਜਾ, ਪੁੰਨ-ਦਾਨ ਦਾ ਢਕੌਂਸਲਾ ਰਚਦੇ ਹਾਂ। ਇਸ ਤਰ੍ਹਾਂ ਅਸੀਂ ਉਪਰਲੇ ਮਨੋ ਰੱਬ ਨੂੰ ਖ਼ੁਸ਼ ਕਰਨਾ ਚਾਹੁੰਦੇ ਹਾਂ। ਝੂਠੀਆਂ ਸਿਫ਼ਾਰਸ਼ਾਂ, ਜਾਇਜ਼, ਨਜਾਇਜ਼ ਤਰੀਕੇ ਦੁਆਰਾ, ਆਪਣੀਆਂ ਗਰਜ਼ਾਂ ਪੂਰੀਆਂ ਕਰਨ ਦੀ ਕੋਸ਼ਿਸ਼ ਕਰਦੇ ਹਾਂ।

ਪਰ ਉਹ, ਜਾਣੀ-ਜਾਣ, ਸਰਬ-ਵਿਆਪਕ, ਅੰਤ੍ਰਜਾਮੀ ਹੈ। ਸਦਾ ਸਾਡੇ ਅੰਗ-ਸੰਗ ਰਹਿੰਦਾ ਹੈ। ਸਦਾ ਸਦਾ ਦਿਆਲੂ ਹੈ। ਉਹਦੀਆਂ ਬਖਸ਼ਿਸ਼ਾਂ ਕਿਵੇਂ ਪਾਈਏ ?

ਇਹ ਸਾਰੀਆਂ ਘੁੰਡੀਆਂ ਬਾਣੀ ਖੋਲਦੀ ਹੈ —

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।। (ਪੰਨਾ-982)

ਬੜੇ-ਬੜੇ ਪੀਰ ਪੈਗੰਬਰ, ਰੱਬ ਦੇ ਪਿਆਰੇ, ਸਿੱਧਾ ਮਾਰਗ ਦਿਖਾਉਣ ਲਈ ਚਿਰਾਂ ਤੋਂ ਹੋਕੇ ਦਿੰਦੇ ਰਹੇ ਅਤੇ ਅਗੇ ਨੂੰ ਵੀ ਇਲਾਹੀ ਸੱਦ ਲਾਉਂਦੇ ਰਹਿਣਗੇ। ਸਿਰਜਣਹਾਰ ਇਨ੍ਹਾਂ ਮਹਾਂ ਪੁਰਖਾਂ ਨੂੰ ਆਪ ਭੇਜਦਾ ਰਿਹਾ ਹੈ ਤੇ ਭੇਜਦਾ ਰਹੇਗਾ।

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ।। (ਪੰਨਾ-1429)

ਇਹ ਸਭ ਕੁਝ ਅਸੀਂ ਜਾਣਦੇ ਬੁਝਦੇ ਵੀ, ਅੱਖੋਂ ਉਹਲੇ ਕਰ ਦਿੰਦੇ ਹਾਂ, ਕਿਉਂਕਿ ਸਾਨੂੰ ਇਲਾਹੀ ਪ੍ਰਕਾਸ਼ ਦੀ ਸੂਝ ਨਹੀਂ ਤੇ ਨਾ ਹੀ 'ਸ਼ਰਧਾ'। ਅਸੀਂ ਭਰਮਾਂ ਵਿਚ ਗ੍ਰਸੇ ਹੋਏ ਹਾਂ। ਅੰਧਕਾਰ ਦੇ ਸਾਗਰ ਵਿਚ ਡੁੱਬੇ ਹੋਏ ਹਾਂ। ਗੁਰੂ ਦੇ ਉਸ ਇਕੋ ਉਪਦੇਸ਼ 'ਗੁਰਮੰਤਰ' ਤੋਂ ਅਵੇਸਲੇ ਹੋਏ ਬੈਠੇ ਹਾਂ। ਸਾਡੀ ਸੁਰਤ ਸੁੱਤੀ ਪਈ ਹੈ।

ਇਸ ਨਰਕ ਕੁੰਡ ਵਿਚੋਂ ਨਿਕਲਣ ਦਾ ਇਕੋ-ਇਕ ਰਾਹ ਹੈ —

1. ਨਿੱਕਾ ਜਿਹਾ 'ਮੱਘਦਾ' ਹੋਇਆ ਕੋਲਾ,
2. 'ਬੋਬੀ' ਦੇ ਹਾਰੇ ਦੀ 'ਚੰਗਿਆੜੀ'।

3. ਸਾਧ-ਸੰਗਤ ਦੀ 'ਚਰਨ ਧੂੜਿ'।

4. 'ਛੋਹ'

5. 'ਪਿਆਰ',

6. 'ਨਿਘ', 'ਨਾਮ'

ਪਹਿਲਾਂ 'ਮਰਨਾ' ਕਬੂਲ ਕਰਕੇ, ਪਿਆਰ ਵਿਚ 'ਮੋਏ' ਬੰਦੇ, ਗਗਨਾਂ ਵਿਚ ਉਡਾਰੀਆਂ ਮਾਰਦੇ ਨੇ। ਇਸ 'ਮਰਨ' ਤੋਂ ਬਿਨਾਂ 'ਲਾਲ-ਰੰਗ' ਨਹੀਂ ਚੜ੍ਹ ਸਕਦਾ। ਰੂਹ 'ਪ੍ਰਕਾਸ਼ਿਤ' ਨਹੀਂ ਹੋ ਸਕਦੀ। ਇਸ 'ਲਾਲੀ' ਤੋਂ ਬਿਨਾਂ ਸਾਡਾ ਵਜੂਦ ਕਾਲੇ ਕੋਲੇ ਵਾਂਗ ਰਹੇਗਾ। ਪ੍ਰਕਾਸ਼ ਹੋਣ ਤੇ ਹੀ 'ਰੂਹ' ਲਾਲ ਹੋ ਕੇ ਲਿਸ਼ਕੂ। ਕੋਲਿਆਂ ਦੀ 'ਕੀਮਤ'—ਉਨ੍ਹਾਂ ਦੇ 'ਮੱਘ' ਕੇ, 'ਲਾਟਾਂ' ਬਣ ਕੇ ਹੀ ਪੈ ਸਕਦੀ ਹੈ।

ਜਿਸ ਤਰ੍ਹਾਂ ਕਾਲੇ ਕੋਲੇ, ਮਨੁੱਖਤਾ ਦੀ ਸੇਵਾ ਕਰਦਿਆਂ ਹੋਇਆਂ, 'ਆਪ' ਖਾਕ ਬਣ ਕੇ ਆਪਾ ਵਾਰ ਕੇ, ਅਨੰਤ ਵਿਚ ਅਲੋਪ ਹੋ ਗਏ।

ਮੂਏ ਬਿਨੁ ਜੀਵਨੁ ਨਾਹੀ॥ (ਪੰਨਾ-655)

ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ॥ (ਪੰਨਾ-555)

ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥ (ਪੰਨਾ-722)

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥ (ਪੰਨਾ-474)

ਦੂਜੇ ਲਫ਼ਜ਼ਾਂ ਵਿਚ —

1. ਆਪਣਾ 'ਆਪਾ ਵਾਰ' ਕੇ,

2. ਹਉਮੈ-ਵੇੜ੍ਹੀ 'ਮੈਂ-ਮੇਰੀ' ਤੋਂ ਮਰ ਕੇ,

3. 'ਰਾਖ' ਬਣ ਕੇ

ਹੀ ਆਪਣੇ 'ਸ਼ਹੁ-ਸਾਗਰ', 'ਪ੍ਰੀਤਮ' ਦੀ 'ਹੁਕਮ' ਰੂਪੀ 'ਜੀਵਨ ਰੌਂ' ਵਿਚ ਸਮਾਇਆ ਜਾ ਸਕਦਾ ਹੈ।

ਸਚਾ ਤੇਰਾ ਹੁਕਮੁ ਗੁਰਮੁਖ ਜਾਣਿਆ॥
ਗੁਰਮਤੀ ਆਪੁ ਗਵਾਇ ਸਚੁ ਪਛਾਣਿਆ॥ (ਪੰਨਾ-144)

ਸਿਰਫ਼, ਅੰਤ੍-ਆਤਮੇ, ਆਤਮਿਕ-ਪ੍ਰਕਾਸ਼ ਜਾਂ 'ਅਨੁਭਵ' ਦੁਆਰਾ ਹੀ ਇਲਾਹੀ ਹੁਕਮ ਨੂੰ —

ਬੁਝਿਆ

ਸੀਝਿਆ
ਚੀਨਿਆ
ਪਹਿਚਾਣਿਆ
ਮੰਨਿਆ
ਕਮਾਇਆ
ਮਾਣਿਆ

ਜਾ ਸਕਦਾ ਹੈ।

ਜਿਨਿ ਹੁਕਮੁ ਪਛਾਤਾ ਹਰੀ ਕੇਰਾ ਸੋਈ ਸਰਬ ਸੁਖ ਪਾਵਏ॥ (ਪੰਨਾ–440)

ਏਕੋ ਏਕੁ ਸਭੁ ਆਖਿ ਵਖਾਣੈ॥
ਹੁਕਮੁ ਬੂਝੈ ਤਾਂ ਏਕੋ ਜਾਣੈ॥ (ਪੰਨਾ–1176)

ਹੁਕਮੁ ਬੂਝਿ ਜਨ ਭਏ ਨਿਹਾਲਾ ਇਹ ਭਗਤਾ ਕੀ ਘਾਲਣਾ॥ (ਪੰਨਾ–1077)

ਇਲਾਹੀ ਹੁਕਮ ਦੀ ਇਹ ਅਨੋਖੀ ਖੇਡ 'ਚੌਥੇ ਪਦ' ਦੇ ਆਤਮ–ਮੰਡਲ ਦੀ ਪ੍ਰਿਮ–ਖੇਲ ਹੈ, ਜਿਸ ਨੂੰ ਕੋਈ ਵਿਰਲਾ, ਗੁਰਮੁਖ, ਬਖਸ਼ਿਆ ਹੋਇਆ, ਤੱਤ–ਜੋਗ ਕਾ ਬੇਤਾ, ਮਹਾਂ–ਪੁਰਖ ਹੀ ਅਨੁਭਵ ਦੁਆਰਾ ਬੁੱਝ–ਬੁਝਾ ਸਕਦਾ ਹੈ ਅਤੇ ਭਾਣੇ ਵਿਚ ਚਲ ਸਕਦਾ ਹੈ। ਇਸ 'ਹੁਕਮਿ–ਰਜਾਈ–ਚਲਣ' ਦੀ ਪ੍ਰਿਮ ਖੇਲ ਨੂੰ —

ਤਤੀਆਂ ਤਵੀਆਂ ਤੇ ਬੈਠ ਕੇ,
ਬਲਦੀ ਰੇਤ ਸਿਰ ਤੇ ਪਵਾ ਕੇ,
ਸੀਸ ਭੇਟ ਕਰਕੇ,
ਜੰਗ ਵਿਚ ਸ਼ਹੀਦ ਹੋ ਕੇ,
ਨੀਹਾਂ ਵਿਚ ਚਿਣਾ ਕੇ,
ਬੰਦ–ਬੰਦ ਕਟਵਾ ਕੇ,
ਖੋਪਰੀਆਂ ਲੁਹਾ ਕੇ,
ਚਰਖੜੀਆਂ ਤੇ ਚੜ੍ਹ ਕੇ,
ਆਰਿਆਂ ਨਾਲ ਸਰੀਰ ਚਿਰਵਾ ਕੇ,
ਸਵਾ–ਸਵਾ ਮਣ ਪੀਹਣ ਪੀਸ ਕੇ,
ਬੱਚਿਆਂ ਦੇ ਟੋਟੇ ਕਰਵਾ ਕੇ,
ਨੰਗੇ ਪਿੰਡੇ ਪਾਲਾ ਕੱਕਰ ਸਹਾਰ ਕੇ,

ਹੀ, ਖੇਲਿਆ ਜਾ ਸਕਦਾ ਹੈ।

ਹਾਂ ਜੀ! ਇਹ ਅਚਰਜ ਇਲਾਹੀ 'ਪ੍ਰਿਮ-ਖੇਲ' —

ਪਿਆਰ ਮਸਤੀ ਵਿਚ,
ਪ੍ਰੇਮ ਰਸ ਦੇ ਨਸ਼ੇ ਵਿਚ,
ਅਲੌਕਿਕ ਆਤਮਿਕ ਅਹਿਲਾਦ ਵਿਚ,
ਪ੍ਰੇਮ-ਸਵੈਪਨਾ ਦੇ ਚਾਉ ਵਿਚ,
ਆਤਮ ਚਾਉ ਦੇ ਉਮਾਹ ਵਿਚ,
ਚੜ੍ਹਦੀਆਂ ਕਲਾਂ ਵਿਚ,

ਹੀ ਖੇਡੀ ਜਾ ਸਕਦੀ ਹੈ।

ਇਸ ਇਲਾਹੀ 'ਹੁਕਮਿ-ਰਜਾਈ-ਚਲਣਾ' ਦੀ ਅਸਚਰਜ ਪ੍ਰਿਮ-ਖੇਲ ਵਿਚ —

ਸੂਲੀ	—	ਸੂਲ
ਅੱਗ	—	ਠੰਡੀ ਠਾਰ
ਸ਼ੋਅਲੇ	—	ਪ੍ਰੇਮ ਸਵੈਪਨਾ ਦਾ ਤਾਜ਼
ਚਿਖਾ	—	ਫੁਲਾਂ ਦੀ ਸੇਜ਼
ਦੁਖ	—	ਦਾਤ
ਪੀੜਾ	—	ਲਾਡ
ਝਿੜਕਾਂ	—	ਮਿੱਠੀਆਂ
ਵੈਰੀ	—	ਮੀਤ
ਬੁਰਾ	—	ਭਲਾ
ਕਲਜੁਗ	—	ਸਤਿਜੁਗ

ਮਹਿਸੂਸ ਹੋਣ ਲਗਦਾ ਹੈ।

ਇਸ ਉੱਚੀ-ਸੁੱਚੀ ਆਤਮਿਕ ਅਵਸਥਾ ਵਿਚ, ਗੁਰਮੁਖ ਜਨ ਦੇ ਹਿਰਦੇ ਵਿਚੋਂ ਇਲਾਹੀ 'ਪ੍ਰੇਮ ਸਵੈਪਨਾ' ਸੋਮੇ ਵਾਂਗ, ਇਉਂ ਫੁਟ ਕੇ ਨਿਕਲਦੀਆਂ ਹਨ —

ਸਤਿ ਸੁਹਾਣੁ ਸਦਾ ਮਨਿ ਚਾਉ॥ (ਪੰਨਾ-4)

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ (ਪੰਨਾ-394)

ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥

ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥1॥
ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ॥
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ॥ (ਪੰਨਾ-1302)

ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ॥
(ਪੰਨਾ-757)

ਇਸ ਤਰ੍ਹਾਂ ਗੁਰਮੁਖ ਜਨ —

ਤਲਵਾਰ ਦੀ ਧਾਰ ਤੇ
ਤੀਰ ਦੀ ਨੋਕ ਤੇ
ਅੱਗ ਦੇ ਸ਼ੋਅਲੇ ਵਿਚ
ਜਖ਼ਮ ਦੇ ਫੱਟ ਵਿਚ
ਫਟ ਦੀ ਪੀੜ ਵਿਚ
ਪੀੜ ਦੀ ਚੀਸ ਵਿਚ
ਠੰਢ ਦੀ ਠਾਰੀ ਵਿਚ
ਠਾਰੀ ਦੀ ਕੰਬਣੀ ਵਿਚ
ਕੈਦ ਦੇ ਤਸੀਹੇ ਵਿਚ
ਕਾਲ-ਕੋਠੜੀ ਦੀ ਇਕੱਲ ਵਿਚ
ਢਿੱਡ ਦੀ ਭੁਖ ਵਿਚ
ਭੁੱਖ ਦੇ ਡੋਬੇ ਵਿਚ
ਪਿਆਸ ਦੀ ਵਿਆਕੁਲਤਾ ਵਿਚ
ਮੌਤ ਦੇ ਪੈਗਾਮ ਵਿਚ
ਵਿਛੋੜੇ ਦੇ ਸੱਲ ਵਿਚ
ਬਿਰਹੋਂ ਦੇ ਦਰਦ ਵਿਚ
ਦਰਦ ਦੀ ਭੱਠੀ ਵਿਚ
ਜੀਵਨ ਦੀ ਕੁੜੱਤਣ ਵਿਚ

ਆਪਣੇ ਪ੍ਰੀਤਮ ਦੇ 'ਪ੍ਰੇਮ-ਸਨੇਹੜਿਆਂ' ਨੂੰ —

ਸੁਣਦਾ
ਬੁਝਦਾ
ਮੰਨਦਾ

ਮਾਣਦਾ
ਮੌਲਦਾ
ਕਮਾਉਂਦਾ

ਹੋਇਆ, ਪ੍ਰੀਤਮ ਦੀ 'ਰਜ਼ਾ' ਵਿਚ, ਆਪਣੇ 'ਆਪੇ' ਨੂੰ —

ਵਾਰਦਾ
ਘੋਲ ਘੁਮਾਉਂਦਾ
ਕਦਮਾਂ ਵਿਚ ਵਿਛਾਉਂਦਾ
ਧੂੜੀ ਵਿਚ ਰੋਲਦਾ
ਕੁਰਬਾਨ ਹੁੰਦਾ

ਹੋਇਆ, ਇਲਾਹੀ 'ਪ੍ਰੀਤ, ਪ੍ਰੇਮ' ਵਿਚ —

ਅਲਮਸਤ ਮਤਵਾਰਾ ਹੁੰਦਾ
ਚਾਉ ਵਿਚ ਵਿਗਸਦਾ
ਰਸ ਵਿਚ ਮੌਲਦਾ
ਪ੍ਰੇਮ ਸਵੈਪਨਾ ਦੀ ਪੀਂਘ ਝੂਟਦਾ
ਹੁਲਾਰਿਆਂ ਦੇ ਉਮਾਹ ਵਿਚ
ਨਾਮ ਖ਼ੁਮਾਰੀ ਦੇ ਨਸ਼ੇ ਵਿਚ
ਨਸ਼ੇ ਦੀ ਮਸਤੀ ਵਿਚ
ਮਸਤੀ ਦੀ ਬੇ-ਖ਼ੁਦੀ ਵਿਚ
ਜੀਵਨ ਦੀ ਰਵਾਨਗੀ ਵਿਚ

'ਰੱਬੀ-ਹੁਕਮ' ਦੀ ਰਜ਼ਾ ਦੇ ਗੁਰ ਉਪਦੇਸ਼ਾਂ ਨੂੰ, ਸਹਿਜ ਸੁਭਾਇ —

ਬੁਝਦਾ
ਚੀਨਦਾ
ਸੀਝਦਾ
ਪਹਿਚਾਣਦਾ
ਮਾਣਦਾ

ਹੋਇਆ 'ਕਮਾ' ਰਿਹਾ ਹੁੰਦਾ ਹੈ।

ਪ੍ਰੀਤਮ ਦੇ ਪਿਆਰ ਅਤੇ ਸ਼ੁਕਰਾਨੇ ਵਿਚ, ਜਗਿਆਸੂ, ਅਲਮਸਤ, ਮਤਵਾਰਾ ਹੋ

ਕੇ, ਆਪਣਾ 'ਆਪਾ' ਹੀ ਭੁੱਲ ਜਾਂਦਾ ਹੈ। ਪ੍ਰੀਤਮ ਪਿਆਰ ਦੇ 'ਪ੍ਰੇਮ-ਸਵੈਪਨਾ' ਦੇ ਨਸ਼ੇ ਵਿਚ, ਜਗਿਆਸੂ ਦਾ 'ਆਪਾ' ਪ੍ਰੀਤਮ ਦਾ ਹੀ 'ਰੂਪ' ਬਣ ਜਾਂਦਾ ਹੈ।

ਇਸ ਹਾਲਤ ਵਿਚ ਜਦ ਜਗਿਆਸੂ ਦਾ 'ਆਪਾ' ਹੀ ਨਾ ਰਿਹਾ, ਤਾਂ ਉਸ ਦੀ ਆਪਣੀ 'ਮਨ-ਮਰਜ਼ੀ' ਭੀ ਨਹੀਂ ਰਹਿੰਦੀ।

ਕਤ ਜਾਈਐ ਰੇ ਘਰ ਲਾਗੋ ਰੰਗੁ॥
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥ (ਪੰਨਾ-1195)

ਇਸ ਤਰ੍ਹਾਂ ਜਗਿਆਸੂ, ਪ੍ਰੀਤਮ ਦੀ ਰਜ਼ਾ ਦੇ ਵੇਗ ਜਾਂ ਰਵਾਨਗੀ ਨਾਲ 'ਸੁਰ' ਹੋ ਜਾਂਦਾ ਹੈ ਅਤੇ ਸਹਿਜ-ਸੁਭਾਇ, ਆਪ-ਮੁਹਾਰੇ, ਇਲਾਹੀ ਭਾਣੇ ਵਿਚ ਰੁੜ੍ਹਿਆ ਜਾਂਦਾ ਹੈ।

ਹੁਕਮੁ ਬੂਝਿ ਰੰਗ ਰਸ ਮਾਣੇ॥
ਸਤਿਗੁਰ ਸੇਵਾ ਮਹਾ ਨਿਰਬਾਣੇ॥ (ਪੰਨਾ-385)

ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ॥ (ਪੰਨਾ-940)

ਮੀਤੁ ਕਰੈ ਸੋਈ ਹਮ ਮਾਨਾ॥
ਮੀਤ ਕੇ ਕਰਤਬ ਕੁਸਲ ਸਮਾਨਾ॥ (ਪੰਨਾ-187)

ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ॥ (ਪੰਨਾ-677)

ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥ (ਪੰਨਾ-1000)

ਗੁਰਮੁਖਿ ਮਨਿ ਵੀਚਾਰਿਆ ਜੋ ਤਿਸੁ ਭਾਵੈ ਸੁ ਹੋਇ॥
ਨਾਨਕ ਆਪੇ ਹੀ ਪਤਿ ਰਖਸੀ ਕਾਰਜ ਸਵਾਰੇ ਸੋਇ॥ (ਪੰਨਾ-586)

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ (ਪੰਨਾ-394)

ਸਾਡੇ ਮਨ ਵਿਚ ਸਦੀਵੀ ਖਿਆਲ ਉਪਜਦੇ ਰਹਿੰਦੇ ਹਨ। ਪਰ ਬਿਬੇਕ-ਬੁੱਧੀ ਨਾ ਹੋਣ ਕਾਰਣ — ਸਾਨੂੰ ਪਤਾ ਨਹੀਂ ਲੱਗਦਾ ਕਿ ਸਾਡੇ ਖਿਆਲਾਂ ਜਾਂ ਕਰਮਾਂ ਦੀ 'ਰੰਗਤ', 'ਮਨ ਮਰਜ਼ੀ' ਵਾਲੀ ਹੈ ਯਾ 'ਇਲਾਹੀ ਭਾਣੇ' ਦੀ ਭਾਵਨਾ ਹੈ ? ਇਸ ਭੁਲੇਖੇ ਦਾ ਨਿਰਨਾ ਕਰਣ ਵਿਚ, ਹੇਠਲੀ ਵਿਚਾਰ ਸਹਾਇਕ ਹੋ ਸਕਦੀ ਹੈ —

ਹਰ ਇਕ ਚਿਤਵਨੀ ਯਾ ਖਿਆਲ ਦੇ ਪਿਛੋਕੜ ਵਿਚ ਕੋਈ 'ਭਾਵਨਾ' ਹੁੰਦੀ ਹੈ।

'ਭਾਵਨਾ' ਦੀ 'ਰੰਗਤ' ਹੀ 'ਚੰਗੀ' ਯਾ 'ਮਾੜੀ' ਹੋ ਸਕਦੀ ਹੈ। ਇਸ ਲਈ ਸਾਡੇ ਖਿਆਲਾਂ ਯਾ ਕਰਮਾਂ ਦੇ 'ਚੰਗੇ ਮਾੜੇ' ਹੋਣ ਦਾ 'ਨਿਰਨਾ' ਸਾਨੂੰ 'ਭਾਵਨਾ' ਤੋਂ ਹੀ ਹੋ ਸਕਦਾ ਹੈ। ਦੂਜੇ ਲਫ਼ਜ਼ਾਂ ਵਿਚ, ਸਾਡੇ ਖਿਆਲਾਂ ਦੇ ਪਿਛੋਕੜ ਵਿਚ ਜੋ 'ਭਾਵਨਾ' ਹੁੰਦੀ ਹੈ, ਉਸ ਦੀ 'ਚਣੌਤੀ' ਕਰਨ ਦੀ ਲੋੜ ਹੈ। ਜਦ ਸਾਡੇ ਮਨ ਵਿਚ ਕੋਈ ਖਿਆਲ ਆਵੇ, ਤਾਂ ਉਸ ਦੇ 'ਚੰਗੇ' ਯਾ 'ਮਾੜੇ' ਹੋਣ ਦਾ 'ਨਿਰਨਾ' ਯਾ ਉਸ ਦੀ 'ਮਨ-ਮਰਜ਼ੀ' ਯਾ 'ਇਲਾਹੀ ਭਾਣੇ' ਦੀ 'ਪਰਖ' ਇਉਂ ਕੀਤੀ ਜਾ ਸਕਦੀ ਹੈ —

ਤ੍ਰੈਗੁਣਾਂ ਦੇ ਮਾਇਕੀ-ਮੰਡਲ ਵਿਚ ਹੀ 'ਹਉਮੈ' ਵਿਚਰਦੀ ਹੈ। 'ਹਉਮੈ' ਦੇ ਭਰਮ-ਭੁਲਾਵੇ ਵਿਚੋਂ ਹੀ ਮਾਇਕੀ 'ਅ-ਸੁਰੀ' ਅਉਗੁਣ ਉਪਜਦੇ ਹਨ। ਹਰ ਇਕ ਖਿਆਲ ਯਾ ਕਰਮ, ਜਿਨ੍ਹਾਂ ਦੇ ਪਿਛੋਕੜ ਵਿਚ 'ਮੈਂ-ਮੇਰੀ' ਦੀ ਭਾਵਨਾ ਹੋਵੇ, ਉਹਨਾਂ ਸਭਨਾਂ ਦੀ 'ਰੰਗਤ' 'ਮਨ-ਮਰਜ਼ੀ' ਵਾਲੀ ਹੁੰਦੀ ਹੈ—ਜਿਹਾ ਕਿ ਖ਼ੁਦ-ਗਰਜ਼ੀ, ਈਰਖਾ, ਦਵੈਤ, ਨਫ਼ਰਤ, ਵੈਰ, ਵਿਰੋਧ, ਆਪ-ਸਵਾਰਥੀ, ਕਾਮ, ਕ੍ਰੋਧ, ਲੋਭ, ਮੋਹ-ਹੰਕਾਰ ਆਦਿ।

ਇਹ ਸਾਰੇ ਅਉਗੁਣ, ਅਕਾਲ ਪੁਰਖ ਦੀ ਬਾਬਤ ਸਾਡੀ ਬੇ-ਸਿਦਕੀ, ਬੇ-ਮੁਖਤਾਈ ਅਥਵਾ 'ਭੁੱਲ' ਦਾ ਹੀ ਨਤੀਜਾ ਹਨ।

ਇਸ ਦੇ ਉਲਟ, ਜਿਨ੍ਹਾਂ ਖਿਆਲਾਂ ਯਾ ਕਰਮਾਂ ਦੇ ਪਿਛੋਕੜ ਵਿਚ —

ਇਲਾਹੀ ਪਿਆਰ
ਮੈਤਰੀ ਭਾਵ
ਸ਼ਾਂਤੀ
ਤ੍ਰਿਪਤੀ
ਸ਼ੁਕਰ
ਸਬਰ
ਸੰਤੋਖ
ਪਰ-ਸਵਾਰਥੀ
ਪਰ-ਉਪਕਾਰੀ
ਹੱਥੋਂ ਦੇ ਕੇ ਭਲਾ ਮਨਾਏ
ਬੁਰੇ ਨਾਲ ਭਲਾ ਕਰ
ਰੋਸ ਨ ਕਾਹੂ ਸੰਗ ਕਰੇ
ਮਿਠ ਬੋਲਣਾ
ਨਿਵ ਚਲਣਾ ਆਦਿ

ਉਤਮ, ਦੈਵੀ ਗੁਣਾਂ ਦੀ 'ਰੰਗਤ' ਹੋਵੇ, ਉਹ ਸਭ ਭਾਵਨਾਵਾਂ, 'ਆਤਮ-ਪ੍ਰਾਇਣ' ਹੀ ਹੁੰਦੀਆਂ ਹਨ ਅਤੇ ਇਸ ਤਰ੍ਹਾਂ ਸਾਡਾ ਮਨ, ਇਲਾਹੀ 'ਹੁਕਮ' ਦੀ 'ਸਹਿਜ-ਚਾਲ' ਵਿਚ 'ਸੁਰ' ਹੋ ਕੇ — ਹੁਕਮ ਦੀ 'ਰਜ਼ਾ' ਵਿਚ ਚਲਦਾ ਹੈ।

ਕਹੁ ਨਾਨਕ ਜਿਨਿ ਹੁਕਮੁ ਪਛਾਤਾ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥ (ਪੰਨਾ-885)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਜੀ ਫਤਹਿ॥